# ਸ਼ੇਖ ਫ਼ਰੀਦ - ਸਬਦ ੧੧੭

## ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥

### ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੮੪

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥
ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥

ਸਾਰ: ਪ੍ਰਤੀਕਾਤਮਿਕ ਤੌਰ 'ਤੇ, ਕਮਾਨ ਧੀਰਜ ਦਾ ਰੂਪ ਹੈ, ਜੋ ਦ੍ਰਿੜਤਾ ਵਿਚ ਪਾਈ ਜਾਣ ਵਾਲੀ ਸਮਰਥਾ ਨੂੰ ਦਰਸਾਉਂਦਾ ਹੈ। ਕਮਾਨ ਦੀ ਡੋਰ ਲਚਕੀਲੇਪਣ ਦੀ ਪ੍ਰਤੀਕ ਹੈ, ਜੋ ਅਟੱਲ ਦ੍ਰਿੜਤਾ ਤੋਂ ਪੈਦਾ ਹੋਣ ਵਾਲੀ ਸਮਰਥਾ ਨੂੰ ਦਰਸਾਉਂਦੀ ਹੈ। ਤੀਰ ਪੂਰਤੀ ਨੂੰ ਦਰਸਾਉਂਦਾ ਹੈ, ਜੋ ਉਸ ਸਪਸ਼ਟਤਾ ਜਿਹੜੀ ਸੰਤੋਖ ਰਾਹੀਂ ਪ੍ਰਾਪਤ ਹੁੰਦੀ ਹੈ ਉਸ ਦਾ ਪ੍ਰਤੀਕ ਹੈ। ਇਹ ਸਾਰੇ ਇਕੱਤਰ ਹੋ ਇਕ ਗੂੜ੍ਹ ਸੰਦੇਸ਼ ਦਿੰਦੇ ਹਨ ਕਿ ਜਦੋਂ ਅਸੀਂ ਸਹਿਜਤਾ ਦੀ ਅੰਤਰੀਵੀ ਪਦਵੀ ਪ੍ਰਾਪਤ ਕਰਦੇ ਹਾਂ, ਤਾਂ ਅਸੀਂ ਆਪਣੇ ਜੀਵਨ ਵਿਚ ਸ਼ਾਂਤੀ ਅਤੇ ਖੇੜੇ ਦਾ ਅਨੰਦ ਮਾਣਦੇ ਹਾਂ।

ਸਬਰ ਮੰਝ ਕਮਾਣ ਏ ਸਬਰੁ ਕਾ ਨੀਹਣੋ ॥
ਧੀਰਜ ਦਾ ਅਭਿਆਸ ਅੰਤਰੀਵੀ ਕਮਾਨ ਦੀ ਤਰ੍ਹਾਂ ਕਰੋ, ਇਹ ਸੰਤੋਖ ਰੂਪੀ ਤਾਰ ਦੀ ਤਰ੍ਹਾਂ ਕਾਰਜ਼ ਕਰਦਾ ਹੈ। ਇਹ ਭਾਵ ਦਰਸਾਉਂਦਾ ਹੈ ਜਿਸ ਭਰਪੂਰਤਾ ਨੂੰ ਅਸੀਂ ਪ੍ਰਾਪਤ ਕਰਨਾ ਚਾਹੁੰਦੇ ਹਾਂ ਉਸ ਲਈ ਅੰਤਰੀਵੀ ਸਥਿਰਤਾ ਨੂੰ ਕਾਇਮ ਰੱਖਣਾ ਲਾਜ਼ਮੀ ਹੈ।

ਸਬਰ ਸੰਦਾ ਬਾਣੁ ਖਾਲਕੁ ਖਤਾ ਨ ਕਰੀ ॥੧੧੫॥॥
ਸੰਤੋਖ ਦੇ ਤੀਰ ਦਾ ਉਦੇਸ਼ ਸਰਵ ਵਿਆਪਕ ਤੱਤਸਾਰ ਨੂੰ ਪ੍ਰਾਪਤ ਕਰਨਾ ਹੈ, ਇਹ ਪਛਾਣਦੇ ਹੋਏ ਕਿ ਇਹ ਗਲਤੀ ਨਹੀਂ ਕਰਦਾ। ਇਹ ਭਾਵ ਹੋਂਦ ਦੀ ਅੰਤਰੀਵੀ ਏਕਤਾ ਨੂੰ ਦਰਸਾਉਂਦਾ ਹੈ; ਜੋ ਬੇਤਰਤੀਬੀ ਜਾਪਦੀ ਹੈ ਪਰ ਉਹ ਅੰਤਰੀਵੀ ਤੌਰ ;ਤੇ ਪੂਰੀ ਨਿਪੁੰਨਤਾ ਨਾਲ ਕਾਰਜ਼ ਕਰਦਾ ਹੈ। (੧੧੫)

ਤੱਤ: ਸ਼ੇਖ ਫ਼ਰੀਦ ਸਬਰ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਕਹਿੰਦੇ ਹਨ ਕਿ ਸੰਤੋਖ ਇਕ ਮੂਲ ਸਾਧਨ ਹੈ। ਇਸ ਦੇ ਉਲਟ, ਬੇਸਬਰੀ ਨਾਲ ਕਾਰਜ਼ ਕਰਦੇ ਹੋਏ ਅਸੀਂ ਅਕਸਰ ਆਪਣੇ ਟੀਚਿਆਂ ਤੋਂ ਖੁੰਝ ਜਾਂਦੇ ਹਾਂ। ਸਬਰ ਇਕ ਅਨਮੋਲ ਖਜ਼ਾਨਾ ਹੈ, ਇਹੀ ਸੂਝਮਈ ਨੁਕਤਾ ਹੈ; ਇਹ ਸਾਡੇ ਕਰਮਾਂ ਅਤੇ ਬ੍ਰਹਿਮੰਡ ਦੇ

ਕੁਦਰਤੀ ਨਿਯਮਾਂ ਵਿਚਕਾਰ ਇਕਸੁਰਤਾ ਪੈਦਾ ਕਰਦਾ ਹੈ, ਨਿਰਾਸ਼ਾ ਦੀ ਸੰਭਾਵਨਾ ਨੂੰ ਘਟਾਉਂਦੇ ਹੋਏ ਸਾਡੀ ਪੂਰਤੀ ਦੀਆਂ ਸੰਭਾਵਨਾਵਾਂ ਨੂੰ ਕਾਫ਼ੀ ਹੱਦ ਤੱਕ ਵਧਾਉਂਦਾ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**